# (4). ਭਾਰਤ ਵਿਚ ਭਿੰਨਤਾ ਦੇ ਹੁੰਦੇ ਹੋਏ ਵੀ ਏਕਤਾ

## (India offers Unity in Diversity)

ਭਾਰਤ ਇਕ ਵਿਸ਼ਾਲ ਉਪਮਹਾਂਦੀਪ ਹੈ। ਇਥੇ ਵੱਖ-ਵੱਖ ਕਿਸਮ ਦੀ ਧਰਤੀ, ਵੱਖ-ਵੱਖ ਕਿਸਮ ਦਾ ਪੌਣ-ਪਾਣੀ, ਵੱਖ-ਵੱਖ ਪ੍ਰਕਾਰ ਦੇ ਪਸ਼ੂ-ਪੰਛੀ, ਅਲੱਗ-ਅਲੱਗ ਪ੍ਰਕਾਰ ਦੀ ਬਨਸਪਤੀ, ਵੱਖ-ਵੱਖ ਨਸਲ ਦੇ ਲੋਕ, ਵੱਖ-ਵੱਖ ਪ੍ਰਕਾਰ ਦੇ ਧਰਮ, ਵੱਖ-ਵੱਖ ਪ੍ਰਕਾਰ ਦੀਆਂ ਭਾਸ਼ਾਵਾਂ ਅਤੇ ਵੱਖ-ਵੱਖ ਪ੍ਰਕਾਰ ਦੀਆਂ ਜਾਤੀਆਂ ਤੇ ਸ੍ਰੇਣੀਆਂ ਪਾਈਆਂ ਜਾਂਦੀਆਂ ਹਨ। ਪਰੰਤੂ ਇਸ ਸਾਰੀ ਪ੍ਰਕਾਰ ਦੀ ਭਿੰਨਤਾ ਦੇ ਹੁੰਦੇ ਹੋਏ ਵੀ ਭਾਰਤ ਵਿਚ ਮੌਲਿਕ ਰੂਪ ਤੋਂ ਭੂਗੋਲਿਕ ਏਕਤਾ ਪਾਈ ਜਾਂਦੀ ਹੈ।

## ਭਾਰਤ ਦੀ ਭਿੰਨਤਾ

## (Diversity in India)

(i) **ਧਰਤੀ ਵਿਚ ਭਿੰਨਤਾ :-**

ਭਾਰਤ ਦੀ ਵਿਸ਼ਾਲਤਾ ਦੇ ਕਾਰਨ ਇਸਦੇ ਦੇ ਵੱਖ-ਵੱਖ ਭਾਗਾਂ ਦੀ ਧਰਤੀ ਵੱਖ-ਵੱਖ ਕਿਸਮ ਦੀ ਹੈ। ਇਸਦੇ ਉੱਤਰ ਵਿਚ ਤਾਂ ਹਿਮਾਲਿਆ ਦੀਆਂ ਉੱਚੀਆਂ-ਉੱਚੀਆਂ ਪਰਬਤ ਸ੍ਰੇਣੀਆਂ ਹਨ, ਜਿਹੜੀਆਂ ਆਮ ਤੌਰ ਤੇ ਬਰਫ ਨਾਲ ਢਕੀਆਂ ਰਹਿੰਦੀਆਂ ਹਨ। ਗੰਗਾ ਅਤੇ ਸਿੰਧ ਦਾ ਮੈਦਾਨ ਸਮਤਲ ਹੈ। ਜਿਹੜਾ ਸਮੁੰਦਰੀ ਤਲ ਤੋਂ 1,000 ਫੁੱਟ ਤੋਂ ਅਧਿਕ ਉੱਚਾ ਨਹੀਂ। ਦੱਖਣ ਦਾ ਪਠਾਰ 1,000 ਫੁੱਟ ਤੋਂ 3,000 ਫੁੱਟ ਦੀ ਉਚਾਈ ਤੇ ਸਥਿਤ ਹੈ। ਗੰਗਾ ਦੇ ਮੈਦਾਨ ਦੇ ਬਹੁਤ ਭਾਗ ਸੰਸਾਰ ਦੇ ਸਭ ਤੋਂ ਉਪਜਾਊ ਪ੍ਰਦੇਸ਼ਾਂ ਵਿਚੋਂ ਹਨ, ਜਦੋਂ ਕਿ ਸਿੰਧ ਅਤੇ ਰਾਜਪੂਤਾਨੇ ਦੇ ਰੇਗਿਸਤਾਨ ਸੰਸਾਰ ਦੇ ਸਭ ਤੋਂ ਖੁਸ਼ਕ ਪ੍ਰਦੇਸ਼ਾਂ ਵਿਚ ਗਿਣੇ ਜਾ ਸਕਦੇ ਹਨ।

(ii) **ਜਲਵਾਯੂ ਵਿਚ ਭਿੰਨਤਾ :-**

ਭਾਰਤ ਦੇ ਵੱਖ-ਵੱਖ ਭਾਗਾਂ ਦਾ ਜਲਵਾਯੂ ਵੀ ਇਕੋ ਜਿਹਾ ਨਹੀਂ ਹੈ। ਹਿਮਾਲਿਆ ਦੇ ਪਰਬਤੀ ਖੇਤਰ ਦਾ ਜਲਵਾਯੂ ਅਤਿਅੰਤ ਠੰਡਾ ਹੈ। ਇਸ ਖੇਤਰ ਵਿਚ ਸਾਲ ਦੇ ਅਧਿਕਤਰ

Scanned with CamScanner

ਮਹੀਨਿਆਂ ਵਿਚ ਬਰਫ ਕਾਫੀ ਗਿਰਦੀ ਹੈ। ਆਸਾਮ, ਬੰਗਾਲ, ਬਿਹਾਰ, ਉੜੀਸਾ, ਮੱਧ ਪ੍ਰਦੇਸ਼ ਆਦਿ ਪ੍ਰਦੇਸ਼ਾਂ ਦਾ ਜਲਵਾਯੂ ਆਮ ਤੌਰ ਤੇ ਗਰਮ ਹੈ। ਦੱਖਣ ਦੇ ਪ੍ਰਦੇਸ਼ਾਂ ਦਾ ਜਲਵਾਯੂ ਵੀ ਦੂਜੇ ਭਾਗਾਂ ਨੂੰ ਛੱਡ ਕੇ ਸਾਰੇ ਸਾਲ ਵਿਚ ਲਗਾਤਾਰ ਇਕ ਸਮਾਨ ਗਰਮ ਹੈ। ਉੱਤਰ-ਪੱਛਮੀ ਅਰਥਾਤ ਦਿੱਲੀ, ਪੰਜਾਬ, ਸਿੰਧ, ਰਾਜਪੂਤਾਨਾ ਆਦਿ ਪ੍ਰਦੇਸ਼ਾਂ ਦਾ ਜਲਵਾਯੂ ਖੁਸ਼ਕ ਹੈ। ਇਨ੍ਹਾਂ ਪ੍ਰਦੇਸ਼ਾਂ ਵਿਚ ਗਰਮੀਆਂ ਵਿਚ ਸਖਤ ਗਰਮੀ ਅਤੇ ਸਰਦੀਆਂ ਵਿਚ ਸਖਤ ਸਰਦੀ ਪੈਂਦੀ ਹੈ। ਇਸ ਪ੍ਰਕਾਰ ਭਾਰਤ ਵਿਚ ਹਰੇਕ ਪ੍ਰਕਾਰ ਦਾ ਜਲਵਾਯੂ ਵੇਖਿਆ ਜਾ ਸਕਦਾ ਹੈ।

(iii) ਉਪਜ ਵਿਚ ਭਿੰਨਤਾ :-

ਭਾਰਤ ਦੇ ਵੱਖ-ਵੱਖ ਭਾਗਾਂ ਦੀ ਉਪਜ ਵਿਚ ਵੀ ਭਿੰਨਤਾ ਪਾਈ ਜਾਂਦੀ ਹੈ। ਭਾਰਤ ਦੇ ਪੂਰਬੀ ਭਾਗ ਅਰਥਾਤ ਗੰਗਾ ਦੇ ਮੈਦਾਨ ਵਿਚ ਚੌਲ, ਜੂਟ, ਪਟਸਨ, ਅਫੀਮ ਅਤੇ ਤਮਾਕੂ ਆਦਿ ਦੀ ਮੁੱਖ ਪੈਦਾਵਾਰ ਹੁੰਦੀ ਹੈ, ਜਦੋਂ ਕਿ ਉੱਤਰ-ਪੱਛਮੀ ਭਾਗਾਂ ਵਿਚ ਮੁੱਖ ਰੂਪ ਤੋਂ ਕਣਕ, ਕਪਾਹ, ਗੰਨਾ, ਤੇਲ ਵਾਲੇ ਬੀਜ ਆਦਿ ਦੀ ਪੈਦਾਵਾਰ ਹੁੰਦੀ ਹੈ।

(iv) ਜੀਵਨ ਅਤੇ ਬਨਸਪਤੀ ਵਿਚ ਭਿੰਨਤਾ :-

ਗੁਰਗ ਦੇ ਕਥਨ ਅਨੁਸਾਰ ਭਾਰਤ ਦੀਆਂ ਬਨਸਪਤੀਆਂ ਵਿਚ ਜਿੰਨੀ ਅਧਿਕ ਭਿੰਨਤਾ ਪਾਈ ਜਾਂਦੀ ਹੈ ਉਹ ਸ਼ਾਇਦ ਸੰਸਾਰ ਦੇ ਕਿਸੇ ਵੀ ਦੂਜੇ ਇਕ ਵੱਡੇ ਦੇਸ਼ ਵਿਚ ਨਹੀਂ ਪਾਈ ਜਾਂਦੀ। ਭਾਰਤ ਦੇ ਵਣੀ ਪ੍ਰਕਾਰ ਦੇ ਪਸ਼ੂਆਂ ਦਾ ਵਰਣਨ ਕਰਦੇ ਹੋਏ ਬਲੈਂਡਫੋਰਡ ਨੇ ਲਿਖਿਆ ਹੈ ਕਿ ਭਾਰਤ ਦੇ ਪ੍ਰਾਣੀ ਵਰਗ ਦੀ ਭਿੰਨਤਾ ਸਾਰੇ ਯੂਰਪ ਦੇ ਪ੍ਰਾਣੀ ਵਰਗ ਦੀ ਭਿੰਨਤਾ ਤੋਂ ਵੀ ਅਧਿਕ ਹੈ।

(v) ਭਾਸ਼ਾ ਵਿਚ ਭਿੰਨਤਾ :-

ਇਕ ਸਰਕਾਰੀ ਅਨੁਮਾਨ ਅਨੁਸਾਰ ਇਥੇ ਕੁੱਲ 179 ਭਾਸ਼ਾਵਾਂ ਅਤੇ 544 ਉਪ-ਭਾਸ਼ਾਵਾਂ ਹਨ। ਇਹਨਾਂ 179 ਭਾਸ਼ਾਵਾਂ ਵਿਚੋਂ 116 ਭਾਸ਼ਾਵਾਂ ਤਾਂ ਕੇਵਲ ਭਾਰਤ ਦੇ ਇਕ ਪ੍ਰਤੀਸ਼ਤ

Scanned with CamScanner

ਲੋਕਾਂ ਦੀਆਂ ਭਾਸ਼ਾਵਾਂ ਹਨ। ਭਾਰਤ ਦੇ ਸੰਵਿਧਾਨ ਵਿਚ ਵੀ 15 ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਸੰਸਕ੍ਰਿਤ, ਹਿੰਦੀ, ਪੰਜਾਬੀ, ਬਿਹਾਰੀ, ਬੰਗਲਾ, ਉੜੀਆ, ਗੁਜਰਾਤੀ, ਮਰਾਠੀ, ਤਾਮਿਲ, ਤੇਲਗੂ, ਮਲਿਆਲਮ, ਆਦਿ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚੋਂ ਹਨ।

(vi) ਧਾਰਮਿਕ ਭਿੰਨਤਾ :-

ਭਾਰਤ ਦੇ ਨਿਵਾਸੀ ਵੱਖ-ਵੱਖ ਧਰਮਾਂ ਵਿਚ ਵਿਸ਼ਵਾਸ਼ ਰੱਖਦੇ ਹਨ। ਕੁਝ ਵੈਸ਼ਨਵ ਮਤ ਤੇ ਵਿਸ਼ਵਾਸ ਰੱਖਦੇ ਹਨ ਤੇ ਕੁਝ ਸ਼ੈਵ ਮਤ ਤੇ, ਕੁਝ ਸਨਾਤਨੀ ਹਨ ਤੇ ਕੁਝ ਆਰੀਆ-ਸਮਾਜੀ। ਹਿੰਦੂ ਧਰਮ ਦੇ ਇਲਾਵਾ ਇਸਲਾਮ, ਬੁੱਧ ਧਰਮ, ਜੈਨ ਧਰਮ, ਸਿੱਖ ਧਰਮ, ਪਾਰਸੀ ਧਰਮ ਅਤੇ ਈਸਾਈ ਧਰਮ ਭਾਰਤ ਦੇ ਦੂਜੇ ਧਰਮ ਹਨ। ਇਨ੍ਹਾਂ ਧਰਮਾਂ ਵਿਚ ਵੀ ਏਕਤਾ ਨਹੀਂ ਪਾਈ ਜਾਂਦੀ।

(vii) ਸਮਾਜਿਕ ਜੀਵਨ ਵਿਚ ਭਿੰਨਤਾ :-

ਸਾਰੇ ਭਾਰਤ ਦੇ ਲੋਕਾਂ ਦਾ ਸਮਾਜਿਕ ਜੀਵਨ ਵੀ ਇਕੋ ਜਿਹਾ ਨਹੀਂ। ਇਕ ਤਾਂ ਭਾਰਤ ਵਿਚ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ ਅਤੇ ਉਹ ਸਾਰੇ ਆਪਣੇ-ਆਪਣੇ ਧਰਮ ਦੇ ਨਿਯਮਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ। ਹਿੰਦੂ ਧਰਮ ਦੇ ਅਨੁਯਾਈ ਪ੍ਰਾਚੀਨ ਕਾਲ ਤੋਂ ਚਾਰ ਜਾਤੀਆਂ ਵਿਚ ਵੰਡੇ ਹੋਏ ਹਨ - ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਰਹਿਣ ਵਾਲੇ ਅਤੇ ਵੱਖ-ਵੱਖ ਧਰਮਾਂ ਤੇ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦਾ ਖਾਣ-ਪੀਣ, ਪਹਿਰਾਵਾ, ਰੀਤੀ-ਰਿਵਾਜ ਆਦਿ ਵੱਖ-ਵੱਖ ਹਨ।

(viii) ਰਾਜਨੀਤਿਕ ਭਿੰਨਤਾ :-

ਭਾਰਤ ਵਿਚ ਵੱਖ-ਵੱਖ ਇਤਿਹਾਸਿਕ ਯੁੱਗਾਂ ਵਿਚ ਰਾਜਨੀਤਿਕ ਏਕਤਾ ਦੀ ਘਾਟ ਰਹੀ ਹੈ। ਇਹ ਠੀਕ ਹੈ ਕਿ ਇਥੇ ਸਮੇਂ-ਸਮੇਂ ਤੇ ਮੌਰੀਆ ਸਾਮਰਾਜ, ਗੁਪਤ ਸਾਮਰਾਜ, ਦਿੱਲੀ ਸਲਤਨਤ ਅਤੇ ਮੁਗਲ ਸਾਮਰਾਜ ਵਰਗੇ ਸ਼ਾਨਦਾਰ

ਸਾਸਕਾਂ ਸ਼ਾਮਿਲ ਹੋਏ, ਜਿਨ੍ਹਾਂ ਵਿਚ ਭਾਰਤ ਦੇ ਅਧਿਕਤਰ ਪ੍ਰਦੇਸ਼ ਸ਼ਾਮਲ ਸਨ, ਪਰੰਤੂ ਅੰਗਰੇਜ਼ੀਆਂ ਉਪਰਾਲਿਆਂ ਨੇ ਫੁੱਟ ਦੇ ਭਾਰਤ ਵਿਚ ਆਮ ਤੌਰ ਤੇ ਰਾਜਨੀਤਿਕ ਏਕਤਾ ਨਹੀਂ ਰਹੀ ਹੈ।

## ਭਾਰਤ ਦੀ ਮੌਲਿਕ ਏਕਤਾ
## (Fundamental Unity of India)

(i) ਭੂਗੋਲਿਕ ਏਕਤਾ :-
ਉਪਰੋਕਤ ਭਿੰਨਤਾ ਦੇ ਹੁੰਦੇ ਹੋਏ ਵੀ ਭਾਰਤ ਵਿਚ ਮੌਲਿਕ ਏਕਤਾ ਪਾਈ ਜਾਂਦੀ ਹੈ। ਸਭ ਤੋਂ ਪਹਿਲਾ ਤਾਂ ਭੂਗੋਲਿਕ ਦ੍ਰਿਸ਼ਟੀ ਤੋਂ ਭਾਰਤ ਇਕ ਦੇਸ਼ ਹੈ।

(ii) ਰਾਜਨੀਤਿਕ ਏਕਤਾ :-
ਪ੍ਰਾਚੀਨ ਕਾਲ ਤੋਂ ਹੀ ਚੱਕਰਵਰਤੀ ਸਮਰਾਟ ਬਣਨਾ ਭਾਰਤੀ ਰਾਜਿਆਂ ਦਾ ਆਦਰਸ਼ ਰਿਹਾ ਹੈ। ਭਾਰਤ ਵਿਚ ਸਮੇਂ-ਸਮੇਂ ਤੇ ਚੰਦਰਗੁਪਤ ਮੌਰੀਆ, ਅਸ਼ੋਕ, ਸਮੁਦਰਗੁਪਤ ਵਿਕ੍ਰਮਾਦਿੱਤਜ, ਹਰਸ਼, ਅਲਾਉਦੀਨ ਖ਼ਲਜੀ, ਸ਼ੇਰ ਸ਼ਾਹ ਸੂਰੀ ਅਤੇ ਅਕਬਰ ਵਰਗੇ ਸ਼ਾਸਕ ਆਪਣੇ ਅਣਥੱਕ ਯਤਨਾਂ ਦੇ ਫਲਸਰੂਪ ਭਾਰਤ ਦੇ ਬਹੁਤ ਵੱਡੇ ਭਾਗ ਉੱਤੇ ਜਿੱਤ ਪ੍ਰਾਪਤ ਕਰਨ ਵਿਚ ਸਫਲ ਹੋਏ ਅਤੇ ਇਥੇ ਤਿਨ੍ਹਾਂ ਨੇ ਵਿਸ਼ਾਲ ਤੇ ਸ਼ਕਤੀਸ਼ਾਲੀ ਸਾਮਰਾਜ ਸਥਾਪਤ ਕੀਤੇ।

(iii) ਸਮਾਜਿਕ ਏਕਤਾ :-
ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਰਹਿਣ ਵਾਲੇ ਲੋਕਾਂ ਦੇ ਸਮਾਜਿਕ ਜੀਵਨ ਵਿਚ ਬਹੁਤ ਘੱਟ ਭਿੰਨਤਾ ਪਾਈ ਜਾਂਦੀ ਹੈ ਅਤੇ ਤਿੰਨ੍ਹਾਂ ਸਾਰਿਆਂ ਦਾ ਰਹਿਣ-ਸਹਿਣ ਬਹੁਤ ਜ਼ਿਆਦਾ ਇੱਕੋ ਜਿਹਾ ਹੈ। ਜਾਤੀ ਪ੍ਰਥਾ, ਆਸ਼੍ਰਮਾਂ ਦੇ ਪ੍ਰਤੀ ਸ਼ਰਧਾ, ਸਾਂਝਾ ਪਰਿਵਾਰ, ਪਰਿਵਾਰਿਕ ਜੀਵਨ ਦੀ ਸ਼ੁੱਧਤਾ ਅਤੇ ਵੇਦ ਦੀ ਸਫਾਈ ਆਦਿ ਗੱਲਾ ਹਰ ਜਗ੍ਹਾ ਵਿਚ ਭਾਰਤ ਦੇ ਹਰ ਇਕ ਭਾਗ ਵਿਚ ਪ੍ਰਚਲਿਤ ਰਹੀਆਂ ਹਨ।

ਧਾਰਮਿਕ ਏਕਤਾ :-

(iv) ਮੱਧ ਕਾਲ ਵਿਚ ਭਾਰਤ ਦਾ ਨਾਂ 'ਹਿੰਦੁਸਤਾਨ' ਸੀ, ਜਿਸਦੇ ਸ਼ਾਬਦੀ ਅਰਥ ਹਨ, 'ਹਿੰਦੂਆਂ ਦੀ ਧਰਤੀ'। ਹਿੰਦੂ ਧਰਮ ਦੇ ਕਾਰਨ ਨਿਰਸੰਦੇਹ ਸਾਰੇ ਭਾਰਤ ਵਿਚ ਸਦਾ ਧਾਰਮਿਕ ਏਕਤਾ ਰਹੀ ਹੈ। ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਰਹਿਣ ਵਾਲੇ ਸਾਰੇ ਹਿੰਦੂ ਵੇਦ, ਉਪਨਿਸ਼ਦ, ਰਮਾਇਣ ਅਤੇ ਮਹਾਂਭਾਰਤ ਨੂੰ ਪਵਿੱਤਰ ਧਾਰਮਿਕ ਗ੍ਰੰਥ ਮੰਨਦੇ ਹਨ।

ਭਾਸ਼ਾ ਦੀ ਏਕਤਾ :-

(v) ਇਹ ਠੀਕ ਹੈ ਕਿ ਭਾਰਤ ਵਿਚ ਬਹੁਤ ਜ਼ਿਆਦਾ ਗਿਣਤੀ ਵਿਚ ਭਾਸ਼ਾਵਾਂ ਹਨ, ਪਰੰਤੂ ਸਾਰੇ ਭਾਰਤ ਵਿਚ ਸੰਸਕ੍ਰਿਤ ਨੂੰ ਸਭ ਤੋਂ ਪੁਰਾਤਨ ਅਤੇ ਪਵਿੱਤਰ ਭਾਸ਼ਾ ਮੰਨਿਆ ਜਾਂਦਾ ਹੈ। ਇਸ ਭਾਸ਼ਾ ਵਿਚ ਸਾਰੇ ਧਾਰਮਿਕ ਗ੍ਰੰਥ ਲਿਖੇ ਗਏ ਅਤੇ ਇਸੇ ਭਾਸ਼ਾ ਵਿਚ ਭਾਰਤ ਦਾ ਅਨਮੋਲ ਸਾਹਿਤ ਪੈਦਾ ਹੋਇਆ।

ਕਲਾ ਦੀ ਏਕਤਾ :-

(vi) ਭਾਰਤ ਦੇ ਵੱਖ-ਵੱਖ ਭਾਗਾਂ ਦੀ ਅਨੇਕ ਪ੍ਰਕਾਰ ਦੀ ਕਲਾ ਵੀ ਇਕੋ ਜਿਹੀ ਹੀ ਹੈ। ਪ੍ਰਾਚੀਨ ਅਤੇ ਮੱਧ ਕਾਲ ਵਿਚ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਬਹੁਤ ਸਾਰੇ ਮੰਦਰ ਬਣਾਏ ਗਏ ਜਿਹੜੇ ਕਲਾ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਨਾਲ ਬਹੁਤ ਅਧਿਕ ਮਿਲਦੇ-ਜੁਲਦੇ ਹਨ।

Scanned with CamScanner